# ਗੁਰੂ ਨਾਨਕ ਦੇਵ ਜੀ ਦਾ ਸੰਵਾਦ ਮਾਡਲ ਤੇ ਵਿਸ਼ਵ ਭਾਈਚਾਰਾ

**ਪ੍ਰੋ. ਅਮਰਜੀਤ ਸਿੰਘ**

ਡਾਇਰੈਕਟਰ, ਸਿੱਖ ਸਟੱਡੀਜ਼ ਚੇਅਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
✆ 94657-49655

ਅੰਤਰ-ਧਰਮ ਸੰਵਾਦ ਵਿਸ਼ਵ ਵਿਚ ਅਮਨ-ਸ਼ਾਂਤੀ, ਸਹਿਣਸ਼ੀਲਤਾ, ਲੋਕ ਕਲਿਆਣਕਾਰੀ ਕਦਰਾਂ-ਕੀਮਤਾਂ ਦੀ ਉੱਚਤਾ ਤੇ ਨਸਲੀ ਭੇਦ-ਭਾਵ ਦੇ ਵਰਤਾਉ ਤੋਂ ਮੁਕਤੀ ਲਈ ਮਨੁੱਖੀ ਸਾਧਨਾਂ ਦੇ ਸਿਰਜਣਾਤਮਿਕ ਵਿਕਾਸ ਦੀ ਇਕ ਵਿਧੀ/ਸਾਧਨ ਹੈ। ਦੂਜਿਆਂ ਦੀਆਂ ਭਾਵਨਾਵਾਂ ਤੇ ਜਜ਼ਬਾਤਾਂ ਨੂੰ ਆਦਰ-ਮਾਣ ਦੇਣਾ ਅੰਤਰ-ਧਰਮ ਸੰਵਾਦ ਦੀ ਮੁੱਢਲੀ ਸ਼ਰਤ ਹੈ। ਇਹ ਦੂਜੇ ਧਰਮਾਂ ਤੇ ਉਨ੍ਹਾਂ ਦੇ ਵਿਸ਼ਵਾਸਾਂ ਨੂੰ ਸਮਝਣ ਦਾ ਇਕ ਸਕਾਰਾਤਮਕ ਤੇ ਸਰਗਰਮ ਉਪਰਾਲਾ ਹੈ। ਇਸ ਉਪਰਾਲੇ ਦਾ ਮੁੱਖ ਉਦੇਸ਼ ਵੱਖ-ਵੱਖ ਧਰਮਾਂ ਵਿਚ ਪਰਸਪਰ ਸਤਿਕਾਰ ਅਤੇ ਸਹਿਣਸ਼ੀਲਤਾ ਨੂੰ ਸਥਾਪਿਤ ਕਰਨਾ ਹੈ। ਇਹ ਦੂਜਿਆਂ ਧਰਮਾਂ ਦੇ ਸਨਮਾਨ ਨੂੰ ਠੇਸ ਪਹੁੰਚਾਏ ਜਾਣ ਤੋਂ ਬਗ਼ੈਰ ਇਕ-ਦੂਜੇ ਨੂੰ ਸਮਝਣ/ਜਾਣਨ ਦਾ ਇਕ ਸਾਂਝਾ ਯਤਨ ਹੈ। ਇਸ ਰਾਹੀਂ ਧਾਰਮਿਕ ਸ਼੍ਰੇਸ਼ਟਤਾ ਦੀਆਂ ਕਠੋਰ ਪਰਤਾਂ ਨੂੰ ਖਤਮ ਕਰਕੇ ਅੰਤਰ-ਧਰਮ ਵਿਸ਼ਵਾਸ਼ ਅਤੇ ਅੰਤਰ-ਜਾਤੀ ਏਕਤਾ ਤੇ ਇਕਸੁਰਤਾ ਦੀ ਭਾਵਨਾ ਪੈਦਾ ਕੀਤੀ ਜਾ ਸਕਦੀ ਹੈ। ਅਸਲ ਵਿਚ ਅੰਤਰ-ਧਰਮ ਸੰਵਾਦ ਦੂਜਿਆਂ ਦੇ ਆਤਮ-ਸਨਮਾਨ ਤੇ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਪ੍ਰਵਾਨਦਾ ਹੈ ਤੇ ਇਸ ਨਾਲ ਭਰਮ ਤੇ ਦਵੈਤ-ਭਾਵਨਾ ਖਤਮ ਹੋ ਜਾਂਦੀ ਹੈ। ਅੰਤਰ-ਧਰਮ ਸੰਵਾਦ ਕੇਵਲ ਸਾਧਾਰਣ ਰੂਪ ਵਿਚ ਵਿਚਾਰਾਂ ਤੇ ਰਸਮਾਂ-ਰੀਤਾਂ ਦਾ ਆਦਾਨ-ਪ੍ਰਦਾਨ ਨਹੀਂ ਸਗੋਂ ਇਹ ਦੂਜਿਆਂ ਦੇ ਵਿਸ਼ਵਾਸ ਤੇ ਅਧਿਕਾਰਾਂ ਦੇ ਸਤਿਕਾਰ ਤੇ ਰੱਖਿਆ ਪ੍ਰਤੀ ਸੁਹਿਰਦ ਜ਼ਿੰਮੇਵਾਰੀ ਦਾ ਅਹਿਸਾਸ ਹੈ। ਬੇਗ਼ਾਨੇ ਪ੍ਰਤੀ ਅਜਿਹਾ ਦ੍ਰਿਸ਼ਟੀਕੋਣ ਤੇ ਵਿਹਾਰ ਬਹੁਭਾਂਤੀ ਤੇ ਖੁੱਲ੍ਹੇ-ਡੁੱਲ੍ਹੇ ਵਿਚਾਰਾਂ ਦੀ ਮੰਗ ਕਰਦਾ ਹੈ।

ਮੌਜੂਦਾ ਦੌਰ ਵਿਚ ਮਨੁੱਖਤਾ, ਧਾਰਮਿਕ, ਸਭਿਆਚਾਰਕ, ਸਮਾਜਿਕ ਤੇ ਆਰਥਿਕ ਪੱਖ ਤੋਂ ਕਈ ਸਮਸਿਆਵਾਂ ਨਾਲ ਜੂਝ ਰਹੀ ਹੈ। ਵਿਸ਼ਵੀਕਰਨ ਤੇ ਖਪਤਮੁਖੀ ਵਰਤਾਰੇ ਨੇ ਮਨੁੱਖ ਦੇ ਸਮਾਜਿਕ ਜੀਵਨ ਵਿਚ ਅਸੰਤੋਸ਼ ਤੇ ਬੇਗ਼ਾਨਗੀ ਦੇ ਅਹਿਸਾਸ 'ਚ ਵਾਧਾ ਕੀਤਾ ਹੈ ਅਤੇ ਉਹ ਮਾਨਸਿਕ ਬੀਮਾਰੀਆਂ ਦਾ ਸ਼ਿਕਾਰ ਹੋ ਕੇ ਅਸ਼ਾਂਤ ਜੀਵਨ ਬਸਰ ਕਰ ਰਿਹਾ ਹੈ। ਜੀਵਨ ਦੀ ਤੇਜ਼ ਰਫ਼ਤਾਰ ਨੇ ਮਨੁੱਖੀ ਮਨ ਨੂੰ ਬੇਚੈਨ ਕਰ ਦਿੱਤਾ ਹੈ।ਦੂਜੇ ਪਾਸੇ ਧਰਮ ਦੇ ਨਾਮ ਉਤੇ ਅੰਤਰ-ਧਰਮ ਤੇ ਵੱਖ-ਵੱਖ ਧਰਮਾਂ ਵਿਚਕਾਰ ਟਕਰਾਅ ਤੇ ਤਕਰਾਰ, ਅਸਹਿਣਸ਼ੀਲਤਾ ਤੇ ਖਿਚੋਤਾਣ ਵਾਲੀ ਸਥਿਤੀ ਕਾਰਣ ਹਾਲਾਤ ਵਿਸਫੋਟਕ ਰੂਪ ਧਾਰਨ ਕਰ ਚੁੱਕੇ ਹਨ। ਧਰਮਾਂ ਵਿਚ ਮਿਲਵਰਤਣ, ਅੰਤਰ-ਧਰਮ ਸੰਵਾਦ ਤੇ ਆਪਸੀ ਸਹਿਹੋਂਦ ਦੇ ਮਾਰਗ ਉਤੇ ਚਲ ਕੇ ਹੀ ਧਰਮਾਂ ਤੇ ਸਭਿਅਤਾਵਾਂ ਵਿਚਕਾਰ ਬਣੀ ਤਣਾਅ ਪੂਰਵਕ ਸਥਿਤੀ ਤੋਂ ਨਿਜਾਤ ਪਾਈ ਜਾ ਸਕਦੀ ਹੈ।ਹੱਥਲੇ ਖੋਜ ਪਰਚੇ ਵਿਚ ਗੁਰੂ ਨਾਨਕ ਦੇਵ ਜੀ ਦੇ ਸੰਵਾਦ ਮਾਡਲ ਤੇ ਇਸ ਦੇ ਵਿਸ਼ਵ ਭਾਈਚਾਰੇ ਦੀ ਸਥਾਪਨਾ ਵਿਚ ਉਸਾਰੂ ਯੋਗਦਾਨ ਨੂੰ ਸਿੱਖ ਧਰਮ ਦੇ ਦ੍ਰਿਸ਼ਟੀਕੋਣ ਤੋਂ ਪ੍ਰਸਤੁਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

ਧਾਰਮਿਕ-ਸਹਿਹੋਂਦ ਲਈ ਸ਼ਾਂਤਮਈ ਤੇ ਮਿੱਤਰਤਾ ਵਾਲੇ ਰਿਸ਼ਤੇ ਲਾਜ਼ਮੀ ਹਨ, ਜਿਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਵਿਚ ਅੰਤਰ-ਧਰਮ ਸੰਵਾਦ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ। ਵਿਚਾਰਾਂ ਦੇ ਪਰਸਪਰ ਅਦਾਨ-ਪ੍ਰਦਾਨ ਨਾਲ ਮਨੁੱਖ ਦੇ ਗਿਆਨ ਅਤੇ ਤਜ਼ਰਬੇ ਦਾ ਸੀਮਤ ਘੇਰਾ ਵਿਸ਼ਾਲਤਾ ਗ੍ਰਹਿਣ ਕਰਦਾ ਹੈ ਤੇ ਉਸ ਨੂੰ ਇਸ ਗੱਲ ਦਾ ਬੋਧ ਹੋ ਜਾਂਦਾ ਹੈ ਕਿ ਵੱਖ-ਵੱਖ ਰਸਤੇ ਇਕੋ ਬਿੰਦੂ ਉਤੇ ਜਾ ਕੇ ਮਿਲਦੇ ਹਨ। ਕੱਟੜਤਾ ਤੇ ਘਿਰਣਾ ਸੰਪ੍ਰਦਾਇਕ ਹਿੰਸਾ ਦਾ ਮੂਲ ਕਾਰਣ ਹਨ। ਅੰਤਰ-ਧਰਮ ਸੰਵਾਦ ਦੇ ਪ੍ਰਸਿੱਧ ਵਿਦਵਾਨ ਜਾਨ ਹਿਕ ਦਾ ਕਥਨ ਹੈ ਕਿ ਬਹੁ-ਵਾਦੀ ਪਹੁੰਚ ਧਰਮ ਦੇ ਤੱਤ ਨੂੰ ਸਮਝਣ ਲਈ ਸਭ ਤੋਂ ਉਚਿਤ ਤਰੀਕਾ ਹੈ। ਉਸ ਦਾ ਕਥਨ ਹੈ ਕਿ ਮੁਕਤੀ ਜਾਂ ਕਲਿਆਣ ਪ੍ਰਾਪਤੀ ਦਾ ਕੇਵਲ ਇਕ ਮਾਰਗ ਨਹੀਂ ਸਗੋਂ ਇਸ ਦੇ ਅਨੇਕਾਂ ਰਸਤੇ ਹਨ।[1] ਗੁਰਬਾਣੀ ਅੰਦਰ 'ਕਹੁ ਨਾਨਕ ਸੁਣਿ ਭਰਥਰਿ ਜੋਗੀ', 'ਸੁਣਿ ਭਰਥਰਿ ਨਾਨਕੁ ਕਹੈ', 'ਸੁਣਿ ਮਾਛਿੰਦ੍ਰਾ ਨਾਨਕੁ ਬੋਲੈ', 'ਸੁਣਿ ਮਾਛਿੰਦ੍ਰਾ ਅਉਧੂ ਨੀਸਾਣੀ', 'ਨਾਨਕੁ ਬੋਲੈ ਸੁਣਿ ਬੈਰਾਗੀ', 'ਚਰਪਟੁ ਬੋਲੈ ਅਉਧੂ ਨਾਨਕ', 'ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ', 'ਸੁਣਿ ਪੰਡਿਤ ਕਰਮਾ ਕਾਰੀ', 'ਸੁਣਿ ਪਾਡੇ ਕਿਆ ਲਿਖਹੁ ਜੰਜਾਲਾ', 'ਪੰਡਿਤ ਸੁਣਿ ਸਿਖੁ


**www.sanvad.org**
ISSN : 2395-1273

ਸਚੁ', 'ਸੁਣਿ ਸਿਖਵੰਤੇ', 'ਸੁਣਿ ਸਜਣ ਜੀ' ਆਦਿ[2] ਦਰਜ਼ ਕਥਨ ਸਿੱਖ ਧਰਮ ਦੇ ਗ਼ੈਰ-ਧਰਮਾਂ ਨਾਲ ਸੰਵਾਦ ਰਚਾਉਣ ਦੀ ਖੁਲ੍ਹਦਿਲੀ ਦਾ ਪ੍ਰਗਟਾਵਾ ਕਰਦੇ ਹਨ ।

ਗੁਰੂ ਨਾਨਕ ਦੇਵ ਜੀ ਅਨੁਸਾਰ ਸੱਚ ਜਾਂ ਸਚਾਈ ਨੂੰ ਧਾਰਨ ਕਰਨਾ ਹੀ ਅਸਲ ਤੇ ਉਤਮ ਧਰਮ ਹੈ ਜਿਹੜਾ ਸਮੇਂ, ਸਥਾਨ, ਇਲਾਕੇ ਦੀਆਂ ਸੌੜੀਆਂ ਵਲਗਣਾਂ ਤੋਂ ਨਿਰਲੇਪ ਤੇ ਸਰਬ ਸਾਂਝੇ ਸਰੂਪ ਦਾ ਧਾਰਨੀ ਹੈ:

*ਏਕੋ ਧਰਮੁ ਦ੍ਰਿੜੈ ਸਚੁ ਕੋਈ॥ਗੁਰਮਤਿ ਪੂਰਾ ਜੁਗਿ ਜੁਗਿ ਸੋਈ॥*[3]

ਇਥੇ ਧਰਮ ਤੋਂ ਭਾਵ ਇਕ ਅਜਿਹਾ ਮਾਨਵੀ ਵਿਵਹਾਰ ਜਾਂ ਆਚਰਨ ਹੈ ਜਿਹੜਾ ਵਿਅਕਤੀਗਤ, ਸਮਾਜਿਕ ਤੇ ਬ੍ਰਹਿਮੰਡੀ ਜੀਵਨ ਦੇ ਸਾਰੇ ਪੱਖਾਂ ਜਿਵੇਂ ਸਰੀਰਕ, ਨੈਤਿਕ, ਭਾਵਨਾਤਮਕ, ਬੌਧਿਕ, ਆਤਮਿਕ ਤੇ ਰਹੱਸਵਾਦੀ ਪੱਖਾਂ ਨੂੰ ਸਹਾਰਾ ਦਿੰਦਾ ਹੋਇਆ ਕਾਇਮ ਰੱਖਦਾ ਹੈ।ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਕਵੀ ਭਾਈ ਨੰਦ ਲਾਲ ਸਿੱਖ ਧਰਮ ਦੀ ਗ਼ੈਰ-ਸੰਪ੍ਰਦਾਈ ਵਿਚਾਰਧਾਰਾ ਨੂੰ ਪ੍ਰਸਤੁਤ ਕਰਦਿਆਂ ਹਰ ਮਨੁੱਖ ਨੂੰ ਧਰਮ ਦੇ ਬੁਨਿਆਦੀ ਤੱਤ ਪਰਮ-ਹਸਤੀ ਪ੍ਰਤੀ ਸਨਮੁਖ ਰਹਿਣ ਦੀ ਤਾਕੀਦ ਕਰਦੇ ਹਨ:

*ਨ ਗੋਇਮਤ ਕਿ ਸੂਇ ਦੈਰ ਯਾ ਹਰਮ ਮੀ ਰੌ*
*ਬਹਰ ਤਰਫ਼ ਕਿ ਰਵੀ ਜਾਨਬਿ ਖ਼ੁਦਾ ਮੀ ਬਾਸ਼।*[4]

ਭਾਵ ਮੈਂ ਇਹ ਨਹੀਂ ਕਹਿੰਦਾ ਕਿ ਤੂੰ ਮੰਦਰ ਜਾਂ ਕਾਅਬੇ ਵੱਲ ਜਾ, ਮੈਂ ਤਾਂ ਕਹਿੰਦਾ ਹਾਂ ਕਿ ਜਿਧਰ ਵੀ ਤੂੰ ਜਾਵੇਂ, ਮੂੰਹ ਰੱਬ ਵੱਲ ਰੱਖ।

ਗੁਰੂ ਨਾਨਕ ਦੇਵ ਅੰਤਰ-ਧਰਮ ਸੰਵਾਦ ਦੇ ਮੋਢੀ ਮੰਨੇ ਜਾ ਸਕਦੇ ਹਨ।ਗੁਰੂ ਸਾਹਿਬ ਨੇ ਸਮਾਜ ਵਿਚ ਜਾਤਪਾਤ, ਛੂਤ-ਛਾਤ, ਸੁੱਚ-ਭਿਟ, ਈਰਖਾ, ਦਵੈਸ਼, ਨਫ਼ਰਤ ਆਦਿ ਪ੍ਰਬਲ ਰੂਪ ਧਾਰਨ ਕਰ ਚੁੱਕੀਆਂ ਬੁਰਾਈਆਂ ਨੂੰ ਸੁਧਾਰਨ ਹਿਤ ਸਮਕਾਲੀ ਧਰਮਾਂ ਦੇ ਪ੍ਰਸਿੱਧ ਧਾਰਮਿਕ ਅਸਥਾਨਾਂ ਉਤੇ ਪਹੁੰਚ ਕੇ ਉਥੋਂ ਦੇ ਧਾਰਮਿਕ ਮੁਖੀਆਂ ਨਾਲ ਗੋਸ਼ਟੀਆਂ ਕੀਤੀਆਂ। ਗੁਰੂ ਸਾਹਿਬ ਵਲੋਂ ਲੋਕਾਂ ਦੇ ਮਨਾਂ ਵਿਚੋਂ ਨਫ਼ਰਤ ਅਤੇ ਵਿਤਕਰਿਆਂ ਦੀਆਂ ਵੰਡੀਆਂ ਨੂੰ ਮਿਟਾ ਕੇ ਆਪਸੀ ਪਿਆਰ, ਮਿਲਵਰਤਨ, ਏਕਤਾ, ਬਰਾਬਰੀ ਦੀਆਂ ਭਾਵਨਾਵਾਂ ਦੇ ਸੰਚਾਰ ਲਈ ਕੀਤੇ ਉਪਰਾਲਿਆਂ ਦਾ ਜ਼ਿਕਰ ਭਾਈ ਗੁਰਦਾਸ ਨੇ ਵਿਸਥਾਰ ਸਹਿਤ ਕੀਤਾ ਹੈ।

*ਬਾਬਾ ਆਇਆ ਤੀਰਥੀਂ ਤੀਰਥ ਪੁਰਬ ਸਭੇ ਫਿਰ ਦੇਖੈ ॥* [5]

ਗੁਰੂ ਨਾਨਕ ਦੇਵ ਦੇ ਸਮਕਾਲੀ ਸਮਾਜ ਵਿਚ ਸਿੱਧ, ਨਾਥ-ਜੋਗੀ ਧਾਰਮਿਕ ਤੌਰ 'ਤੇ ਪ੍ਰਭਾਵਸ਼ਾਲੀ ਰੁਤਬਾ ਰੱਖਦੇ ਸਨ। ਉਹ ਰਿਧੀਆਂ-ਸਿਧੀਆਂ ਦੇ ਪ੍ਰਲੋਭਨ ਅਤੇ ਡਰਾਵੇ ਅਧੀਨ ਲੋਕਾਂ ਦਾ ਸ਼ੋਸ਼ਣ ਵੀ ਕਰਦੇ ਸਨ।ਗ੍ਰਹਿਸਤੀ ਜੀਵਨ ਦਾ ਤਿਆਗ ਕਰਕੇ ਸਮਾਜਿਕ ਜ਼ਿੰਮੇਵਾਰੀ ਨੂੰ ਪਿਠ ਦੇ ਚੁਕੇ ਜੋਗੀਆਂ ਨੂੰ ਆਪਣੇ ਫਰਜ਼ਾਂ ਤੋਂ ਸੁਚੇਤ ਕਰਨ ਲਈ ਉਨ੍ਹਾਂ ਨਾਲ ਕਈ ਥਾਵਾਂ ਉਤੇ ਸੰਵਾਦ ਕੀਤੇ।ਸਿਧ ਗੋਸਟਿ ਬਾਣੀ ਤੇ ਹੋਰ ਅਨੇਕਾਂ ਸ਼ਬਦਾਂ ਵਿਚ ਸਿੱਧ-ਜੋਗੀਆਂ ਨਾਲ ਹੋਏ ਸੰਵਾਦ ਦੇ ਵੇਰਵੇ ਮਿਲਦੇ ਹਨ:

*ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥*
*ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ ॥*
*ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥1॥*
*ਗਲੀ ਜੋਗੁ ਨ ਹੋਈ॥ ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥੧॥ ਰਹਾਉ ॥*[6]

ਇਸਲਾਮ ਵਿਚ ਖ਼ਾਸ ਮਹੱਤਤਾ ਰੱਖਣ ਵਾਲੇ ਮੱਕਾ, ਬਗਦਾਦ ਤੇ ਮਦੀਨਾ ਆਦਿ ਨਗਰਾਂ ਵਿਖੇ ਪੁਜ ਕੇ ਗੁਰੂ ਨਾਨਕ ਦੇਵ ਨੇ ਕਾਜ਼ੀਆਂ ਨਾਲ ਸੰਵਾਦ ਕੀਤਾ।ਭਾਈ ਗੁਰਦਾਸ ਗੁਰੂ ਸਾਹਿਬ ਦੀ ਮੱਕੇ ਮਦੀਨੇ ਦੀ ਯਾਤਰਾ ਮੌਕੇ ਕਾਜ਼ੀਆਂ ਨਾਲ ਹੋਏ ਵਾਰਤਾਲਾਪ ਸਬੰਧੀ ਲਿਖਦੇ ਹਨ:

*ਬਾਬਾ ਫਿਰ ਮੱਕੇ ਗਯਾ ਨੀਲ ਬਸਤ੍ਰ ਧਾਰੇ ਬਨਵਾਰੀ॥*
*ਆਸਾ ਹੱਥ ਕਿਤਾਬ ਕੱਛ ਕੂਜਾ ਬਾਂਗ ਮੁਸੱਲਾ ਧਾਰੀ॥*
*ਬੈਠਾ ਜਾਇ ਮਸੀਤ ਵਿਚ ਜਿਥੇ ਹਾਜੀ ਹੱਜ ਗੁਜਾਰੀ॥* [7]

ਜਦੋਂ ਗੁਰੂ ਸਾਹਿਬ ਨੂੰ ਹਿੰਦੂ ਅਤੇ ਇਸਲਾਮ ਵਿਚੋਂ ਕਿਸੇ ਇਕ ਧਰਮ ਦੀ ਸ੍ਰੇਸ਼ਟਤਾ ਬਾਰੇ ਪੁੱਛਿਆ ਗਿਆ ਤਾਂ ਗੁਰੂ ਜੀ ਨੇ ਨਿਰਭੈਅਤਾ ਨਾਲ ਆਖਿਆ ਕਿ ਕੋਈ ਵੀ ਧਰਮ ਛੋਟਾ ਜਾਂ ਵੱਡਾ ਨਹੀਂ ਕੇਵਲ ਮਨੁੱਖ ਦੇ ਕੰਮ ਹੀ ਉਸ ਨੂੰ ਚੰਗਾ ਜਾਂ ਮਾੜਾ ਬਣਾਉਂਦੇ ਹਨ[8]:

*ਪੁਛਨ ਗਲ ਈਮਾਨ ਦੀ ਕਾਜ਼ੀ ਮੁਲਾਂ ਇਕਠੇ ਹੋਈ॥*
*ਵਡਾ ਸਾਂਗ ਵਰਤਾਇਆ ਲਖ ਨ ਸਕੇ ਕੁਦਰਤਿ ਕੋਈ॥*

*ਪੁਛਣ ਖੋਲ ਕਿਤਾਬ ਨੂੰ ਵਡਾ ਹਿੰਦੂ ਕੀ ਮੁਸਲਮਾਨੋਈ॥*
*ਬਾਬਾ ਆਖੇ ਹਾਜ਼ੀਆਂ ਸ਼ੁਭ ਅਮਲਾਂ ਬਾਝੋ ਦੋਵੇਂ ਰੋਈ॥*
*ਹਿੰਦੂ ਮੁਸਲਮਾਨ ਦੋਇ ਦਰਗਹਿ ਅੰਦਰ ਲੈਣ ਨ ਢੋਈ॥*

ਗੁਰੂ ਨਾਨਕ ਦੇਵ ਦੇ ਮੁਲਤਾਨ ਆਗਮਨ ਦੀ ਖਬਰ ਸੁਣ ਕੇ ਉਥੋਂ ਦੇ ਸੂਫ਼ੀ ਪੀਰਾਂ ਨੇ ਚਿੰਤਾ ਜ਼ਾਹਰ ਕੀਤੀ ਕਿ ਉਥੇ ਤਾਂ ਪਹਿਲਾਂ ਹੀ ਧਾਰਮਿਕ ਵਿਅਕਤੀਆਂ ਦੀ ਭਰਮਾਰ ਹੈ। ਇਸ ਲਈ ਉਨ੍ਹਾਂ ਨੇ ਦੁੱਧ ਦਾ ਪਿਆਲਾ ਨੱਕੋ-ਨੱਕ ਭਰ ਕੇ ਗੁਰੂ ਸਾਹਿਬ ਨੂੰ ਸੰਕੇਤਕ ਰੂਪ ਵਿਚ ਉਥੋਂ ਵਾਪਿਸ ਚਲੇ ਜਾਣ ਲਈ ਆਖਿਆ। ਗੁਰੂ ਸਾਹਿਬ ਨੇ ਉਸ ਪਿਆਲੇ ਵਿਚ ਇਕ ਚਮੇਲੀ ਦੇ ਫੁੱਲ ਦੀ ਪੰਖੜੀ ਰੱਖ ਕੇ ਸੰਕੇਤਕ ਰੂਪ ਵਿਚ ਹੀ ਉਨ੍ਹਾਂ ਨੂੰ ਸਪਸ਼ਟ ਕਰ ਦਿੱਤਾ ਕਿ ਅਸਲ ਧਾਰਮਿਕ ਵਿਅਕਤੀ ਚੰਮੇਲੀ ਦੀ ਪੰਖੜੀ ਵਾਂਗ ਪ੍ਰੇਮ-ਪਿਆਰ ਤੇ ਸਹਿਹੋਂਦ ਨਾਲ ਆਪਣਾ ਸਥਾਨ ਬਣਾ ਲੈਂਦਾ ਹੈ।[9]

ਗੁਰੂ ਨਾਨਕ ਦੇਵ ਵਲੋਂ ਦੂਜੇ ਧਰਮਾਂ ਦੇ ਧਾਰਮਿਕ ਅਸਥਾਨਾਂ ਉਤੇ ਜਾ ਕੇ ਉਨ੍ਹਾਂ ਦੇ ਆਗੂਆਂ ਤੇ ਸ਼ਰਧਾਲੂਆਂ ਨਾਲ ਗੋਸ਼ਟੀਆਂ ਤੇ ਵਿਚਾਰ-ਵਟਾਂਦਰਾ ਕਰਨ ਦੀ ਆਰੰਭ ਕੀਤੀ ਰੀਤ ਨੂੰ ਜਾਰੀ ਰੱਖਦਿਆਂ ਗੁਰੂ ਅਮਰਦਾਸ ਨੇ ਕੁਰੂਕਛੇਤਰ, ਹਰਿਦੁਆਰ ਆਦਿਕ ਅਸਥਾਨਾਂ ਦਾ ਦੌਰਾ ਕੀਤਾ ਜਿਥੇ ਜੋਗੀ, ਨਾਂਗੇ, ਸੰਨਿਆਸੀ, ਛੇ ਭੇਖਾਂ ਦੇ ਸਾਧੂ ਆਪ ਜੀ ਦੇ ਦਰਸਨ ਕਰਨ ਆਏ। ਇਸ ਮੌਕੇ ਉਨ੍ਹਾਂ ਨਾਲ ਖੁਲ੍ਹ ਕੇ ਪ੍ਰਮਾਰਥਕ ਮੁੱਦਿਆਂ ਬਾਰੇ ਡੂੰਘੀਆਂ ਵਿਚਾਰਾਂ ਹੋਈਆਂ।

ਗੁਰੂ ਅਮਰਦਾਸ ਦੇ ਇਸ ਉਪਰਾਲੇ ਦਾ ਜ਼ਿਕਰ ਗੁਰੂ ਰਾਮਦਾਸ ਨੇ ਤੁਖਾਰੀ ਰਾਗ ਵਿਚ ਇੰਜ ਕੀਤਾ ਹੈ :

*ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ॥*
*ਮਿਲਿ ਆਏ ਨਗਰ ਮਹਾ ਜਨਾ ਗੁਰ ਸਤਿਗੁਰ ਓਟ ਗਹੀ॥*[10]

ਗੁਰੂ ਤੇਗ ਬਹਾਦਰ ਨੇ ਉਤਰ-ਪੂਰਬੀ ਭਾਰਤ ਦੇ ਬਿਹਾਰ, ਬੰਗਾਲ, ਅਸਾਮ ਆਦਿ ਦੇ ਇਲਾਕਿਆਂ ਤੱਕ ਪੁੱਜ ਕੇ ਇਸ ਰੀਤ ਨੂੰ ਨਿਭਾਉਂਦਿਆਂ ਧਰਮ ਦੇ ਸਹੀ ਸਰੂਪ ਨੂੰ ਉਜਾਗਰ ਕੀਤਾ।

ਗੁਰੂ ਨਾਨਕ ਦੇਵ ਨੇ ਰੂੜੀਵਾਦੀ ਬ੍ਰਾਹਮਣ ਵਰਗ, ਜੋਗੀਆਂ, ਸੂਫ਼ੀਆਂ ਤੇ ਆਮ ਲੋਕਾਂ ਨਾਲ ਵਾਰਤਾਲਾਪ ਕਰਨ ਮੌਕੇ ਧਾਰਮਿਕ ਵਖਰੇਵਿਆਂ ਨੂੰ ਅਣਡਿੱਠ ਕਰਦੇ ਹੋਏ ਉਨ੍ਹਾਂ ਨੂੰ ਆਪੋ-ਆਪਣੇ ਧਰਮਾਂ ਦੇ ਚਿੰਨ੍ਹਾਂ ਤੇ ਰਸਮਾਂ-ਰੀਤਾਂ ਦੀਆਂ ਸਮਾਜਿਕ-ਨੈਤਿਕ ਕੀਮਤਾਂ ਨੂੰ ਜੀਵਨ ਵਿਚ ਧਾਰਨ ਕਰਨ ਉੱਤੇ ਬਲ ਦਿੱਤਾ। ਆਸਾ ਦੀ ਵਾਰ ਅੰਦਰ ਜਨੇਊ ਦੀ ਵਿਆਖਿਆ ਕਰਦਿਆਂ ਉਹ ਧਾਰਨਯੋਗ ਕਦਰਾਂ-ਕੀਮਤਾਂ ਵਿਚ ਦਇਆ ਦਾ ਸੂਤ, ਸੰਤੋਖ ਦਾ ਧਾਗਾ, ਜਤ ਦੀਆਂ ਗੰਢਾਂ ਤੇ ਸਤ ਦਾ ਵੱਟ ਅਪਣਾਉਣ ਦੀ ਸਿੱਖਿਆ ਦਿੰਦੇ ਹਨ:

*ਦਇਆ ਕਪਾਹ ਸੰਤੋਖ ਸੂਤ ਜਤ ਗੰਢੀ ਸਤ ਵਟ॥*[11]

ਬਾਣੀ ਅੰਦਰ ਇਸਲਾਮ ਧਰਮ ਦੀ ਸਾਲਾਤ ਨੂੰ ਅਧਾਰ ਬਣਾ ਕੇ ਉਸਾਰੇ ਕੀਮਤ-ਸਿਧਾਂਤ ਵਿਚ ਸਚਾਈ, ਇਮਾਨਦਾਰੀ, ਦਾਨ, ਨੇਕ ਭਾਵਨਾ ਤੇ ਪ੍ਰਭੂ ਦੀ ਸਿਫ਼ਤ-ਸਾਲਾਹ ਆਦਿ ਨੂੰ ਧਾਰਨਯੋਗ ਮੁੱਖ ਕੀਮਤਾਂ ਵਜੋਂ ਪ੍ਰਵਾਨਿਆ ਗਿਆ ਹੈ:

*ਮਃ੧॥ ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥*
*ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥*
*ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥*
*ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ॥*
*ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ॥*[12]

ਭਿੰਨ-ਭਿੰਨ ਧਰਮਾਂ ਦੇ ਉਪਰੋਕਤ ਨੈਤਿਕ-ਵਿਧਾਨ ਅਨੁਸਾਰ ਹਰ ਧਰਮ ਵਿਚ ਕੀਮਤਾਂ ’ਤੇ ਦਿਤੇ ਗਏ ਬਲ ਦੀ ਤਰਤੀਬ ਅੱਡਰੀ ਹੈ। ਇਹ ਤਰਤੀਬ ਜਾਂ ਕ੍ਰਮ ਦਾ ਅੰਤਰ ਹੀ ਧਰਮਾਂ ਦੇ ਪਰਸਪਰ ਵਖਰੇਵੇਂ ਦਾ ਕਾਰਣ ਬਣਦਾ ਹੈ ਤੇ ਵੱਖ-ਵੱਖ ਧਰਮਾਂ ਜਾਂ ਪ੍ਰੰਪਰਾਵਾਂ ਨੂੰ ਨਿਜੀ ਪਛਾਣ ਪ੍ਰਦਾਨ ਕਰਦਾ ਹੈ। ਪਰ ਧਰਮ ਇਕ ਹੀ ਰਹਿੰਦਾ ਹੈ ਕਿਉਂਕਿ ਅਸਲੀਅਤ ਵਿਚ ਇਹ ਨੈਤਿਕ ਕਦਰਾਂ-ਕੀਮਤਾਂ ਹੀ ਧਰਮ ਹਨ ਜਿਹੜੀਆਂ ਧਰਮ ਨੂੰ ਜੀਵੰਤ ਬਣਾਉਣ ਵਿਚ ਸਹਾਇਤਾ ਦਿੰਦੀਆਂ ਤੇ ਉਸ ਨੂੰ ਕਾਇਮ ਰੱਖਦੀਆਂ ਹਨ। ਦੂਜੇ ਪਾਸੇ ਇਹ ਵੀ ਸਚਾਈ ਹੈ ਕਿ ਸੰਸਾਰ ਵਿਚ ਅਨੇਕਾਂ ਧਰਮ ਪ੍ਰਚਲਤ ਹਨ ਜਿਨ੍ਹਾਂ ਦੇ ਆਪੋ-ਆਪਣੇ ਧਰਮ ਗ੍ਰੰਥ, ਧਾਰਮਿਕ ਵਿਸਵਾਸ਼, ਪੂਜਾ-ਵਿਧੀਆਂ, ਆਚਾਰ-ਵਿਹਾਰ, ਬਾਹਰੀ ਲਿਬਾਸ ਆਦਿ ਹਨ। ਹਰ ਧਰਮ ਵਿਚ ਇਨ੍ਹਾਂ ਨੂੰ ਬੜਾ ਅਹਿਮ ਤੇ ਮਹੱਤਵਪੂਨ ਸਥਾਨ ਹਾਸਿਲ ਹੈ। ਹਰ ਧਰਮ ਦੇ ਆਗੂ ਨੇ ਸਮੇਂ ਸਥਾਨ ਦੀਆਂ ਵਿਸ਼ੇਸ਼ ਪ੍ਰਸਥਿਤੀਆਂ ਨੂੰ ਧਿਆਨ ਵਿਚ ਰੱਖਦਿਆਂ ਸਚਾਈ


ISSN : 2395-1273

ਨੂੰ ਬਿਆਨ ਕੀਤਾ ਹੈ। ਅੱਡ-ਅੱਡ ਧਰਮਾਂ ਵਿਚ ਪਰਮ-ਹਸਤੀ ਦੀ ਹੋਈ ਭਿੰਨ-ਭਿੰਨ ਵਿਆਖਿਆ ਪ੍ਰਭੂ ਨੂੰ ਸਮੁੱਚੇ ਰੂਪ ਵਿਚ ਪ੍ਰਗਟਾਉਣ ਦਾ ਇਕ ਜਤਨ ਹੈ। ਅਸਲੀਅਤ ਵਿਚ ਬਹੁ-ਭਾਂਤੀ ਧਰਮ ਮਾਰਗ ਇਕ ਦੂਜੇ ਨੂੰ ਖਤਮ ਨਹੀਂ ਕਰਦੇ ਸਗੋਂ ਹਰ ਧਰਮ ਦਾ ਸਚਾਈ ਨੂੰ ਜਾਣਨ, ਸਮਝਣ ਤੇ ਪਛਾਣਨ ਦਾ ਆਪਣਾ ਇਕ ਤਰੀਕਾ ਹੈ। ਪਰਮ-ਹਸਤੀ ਕੱਟੜਵਾਦੀਆਂ ਦੁਆਰਾ ਸਿਰਜੀਆਂ/ਘੜੀਆਂ ਕੀਤੀਆਂ ਸੰਕੀਰਨ ਸੀਮਾਵਾਂ ਤੋਂ ਨਿਰਲੇਪ ਹੈ। ਅੰਤਰ-ਧਰਮ ਸੰਵਾਦ ਪਰਸਪਰ ਸਹਾਇਤਾ ਨਾਲ ਸਚਾਈ ਨੂੰ ਸਮਝਣ ਦੀ ਅਜਿਹੀ ਪਹੁੰਚ-ਵਿਧੀ ਹੈ ਜਿਹੜੀ ਭਿੰਨ-ਭਿੰਨ ਦ੍ਰਿਸ਼ਟੀਕੋਣਾਂ ਨੂੰ ਸਵੀਕ੍ਰਿਤੀ ਪ੍ਰਦਾਨ ਕਰਦੀ ਹੈ।

ਸਿੱਧ-ਗੋਸਟਿ ਬਾਣੀ ਤੋਂ ਸਪਸ਼ਟ ਹੁੰਦਾ ਹੈ ਕਿ ਸੰਵਾਦ ਮੌਕੇ ਆਪਣੇ ਸ਼ੰਕਿਆਂ ਦੀ ਨਿਵਿਰਤੀ ਲਈ ਪ੍ਰਸ਼ਨ ਜਾਂ ਇਤਰਾਜ਼ ਨੂੰ ਸਲੀਕੇ ਨਾਲ ਨਿਮਰਤਾ ਸਹਿਤ ਰੱਖਣ ਦੀ ਲੋੜ ਹੁੰਦੀ ਹੈ।ਸਵਾਲ ਦਾ ਉਤਰ ਦੇਣ ਵੇਲੇ ਵੀ ਸੰਜਮ ਤੇ ਧੀਰਜ ਬਣਾਈ ਰੱਖਣਾ ਜ਼ਰੂਰੀ ਹੈ।ਅਜਿਹਾ ਵਤੀਰਾ ਸਥਿਤੀ ਨੂੰ ਸੁਖਾਵਾਂ ਤੇ ਸੰਵਾਦ ਨੂੰ ਅਰਥ ਭਰਪੂਰ ਬਣਾਉਣ ਵਿਚ ਸਹਾਇਕ ਬਣਦਾ ਹੈ।ਚਰਪਟ ਨਾਮੀ ਸਿੱਧ ਗੁਰੂ ਸਾਹਿਬ ਨੂੰ ਬੇਨਤੀ ਰੂਪ ਵਿਚ ਇੰਜ ਪ੍ਰਸ਼ਨ ਕਰਦਾ ਹੈ:

*ਸੁਣਿ ਸੁਆਮੀ ਅਰਦਾਸਿ ਹਮਾਰੀ, ਪੂਛਉ ਸਾਚੁ ਬੀਚਾਰੋ ॥*
*ਰੋਸੁ ਨ ਕੀਜੈ, ਉਤਰੁ ਦੀਜੈ, ਕਿਉ ਪਾਈਐ ਗੁਰਦੁਆਰੋ ॥*[13]

ਸੰਵਾਦ ਮੌਕੇ ਸੰਕੀਰਨ ਦ੍ਰਿਸ਼ਟੀ ਦਾ ਤਿਆਗ ਜਰੂਰੀ ਹੈ।ਇਸ ਤੋਂ ਇਲਾਵਾ ਵਿਰੋਧੀ ਧਿਰ ਦੇ ਵਿਸ਼ਵਾਸ਼ਾਂ ਤੇ ਵਿਚਾਰਧਾਰਾ ਨੂੰ ਸਨਮਾਨ ਦੇਣ ਨਾਲ ਭਰਾਤਰੀਭਾਵ ਤੇ ਧਾਰਮਿਕ ਰਵਾਦਾਰੀ ਨੂੰ ਮਜਬੂਤੀ ਮਿਲਦੀ ਹੈ।ਪ੍ਰਸ਼ਨ ਕਰਨ ਵਾਲੇ ਨੂੰ ਅਗਿਆਨੀ ਜਾਂ ਮੂਰਖ ਸਮਝਣ ਦੀ ਬਜਾਇ ਜਗਿਆਸੂ ਜਾਣ ਕੇ ਉਸ ਦੀ ਸਿਆਣਪ ਨੂੰ ਸਵੀਕਾਰ ਕਰਨ ਵਿਚ ਝਿਜਕ ਨਹੀਂ ਹੋਣੀ ਚਾਹੀਦੀ।ਵਾਰਤਾਲਪ ਦੌਰਾਨ ਉਸ ਦੇ ਗਿਆਨਵਾਨ ਹੋਣ ਦੀ ਪ੍ਰੋੜਤਾ ਵੀ ਫ਼ਿਰਾਕ-ਦਿਲੀ ਨਾਲ ਕੀਤੀ ਜਾਣੀ ਚਾਹੀਦੀ ਹੈ।।ਗੁਰੂ ਨਾਨਕ ਦੇਵ ਚਰਪਟ ਜੋਗੀ ਦੇ ਸਵਾਲ ਦਾ ਉਤਰ ਦੇਣ ਮੌਕੇ ਅਜਿਹੇ ਵਤੀਰੇ ਦਾ ਪ੍ਰਗਟਾਵਾ ਕਰਦੇ ਹਨ:

*ਆਪੇ ਆਖੈ ਆਪੇ ਸਮਝੈ, ਤਿਸੁ ਕਿਆ ਉਤਰੁ ਦੀਜੈ॥*
*ਸਾਚੁ ਕਹਹੁ, ਤੁਮ ਪਾਰਗਰਾਮੀ, ਤੁਝੁ ਕਿਆ ਬੈਸਣੁ ਦੀਜੈ॥*[14]

ਸੰਵਾਦ ਦੌਰਾਨ ਦੂਜੀ ਧਿਰ ਵਲੋਂ ਉਤੇਜਨਾ ਪੈਦਾ ਕਰਨ ਦੇ ਬਾਵਜੂਦ ਭਾਵਨਾਵਾਂ ਨੂੰ ਜਬਤ ਵਿਚ ਰੱਖਦਿਆਂ ਆਪਣਾ ਮਾਨਸਿਕ ਸੰਤੁਲਨ ਬਣਾਈ ਰੱਖਣ ਨਾਲ ਉਸਾਰੂ ਨਤੀਜੇ ਹਾਸਲ ਹੋ ਸਕਦੇ ਹਨ।ਸੰਵਾਦ ਉਹ ਹੀ ਸੰਜੀਦਾ ਤੇ ਸਫ਼ਲ ਮੰਨਿਆ ਜਾ ਸਕਦਾ ਹੈ ਜਦੋਂ ਵਿਰੋਧੀ ਵੀ ਪ੍ਰਗਟਾਏ ਗਏ ਵਿਚਾਰਾਂ ਨਾਲ ਸਹਿਮਤੀ ਪ੍ਰਗਟਾ ਕੇ ਪ੍ਰਸ਼ੰਸਾ ਕਰਨ ਲਈ ਮਜਬੂਰ ਹੋ ਜਾਵੇ। ਇਸ ਦੀ ਉਤਮ ਮਿਸਾਲ ਭਾਈ ਗੁਰਦਾਸ ਜੀ ਗੁਰੂ ਨਾਨਕ ਸਾਹਿਬ ਦੀ ਸਿੱਧਾਂ ਨਾਲ ਗੋਸ਼ਟੀ ਮੌਕੇ ਦੀ ਦਿੰਦੇ ਹਨ:

*ਬਾਬੇ ਕੀਤੀ ਸਿਧ ਗੋਸ਼ਟ ਸ਼ਬਦ ਸ਼ਾਂਤਿ ਸਿਧਾਂ ਵਿਚ ਆਈ॥*
*ਜਿਣ ਮੇਲਾ ਸ਼ਿਵਰਾਤ ਦਾ ਖਟ ਦਰਸ਼ਨ ਆਦੇਸ਼ ਕਰਾਈ॥*
*ਸਿਧ ਬੋਲਨ ਸ਼ੁਭ ਬਚਨ ਧੰਨ ਨਾਨਕ ਤੇਰੀ ਵਡੀ ਕਮਾਈ॥*
*ਵਡਾ ਪੁਰਖ ਪ੍ਰਗਟਿਆ ਕਲਿਜੁਗ ਅੰਦਰ ਜੋਤ ਜਗਾਈ॥*[15]

ਉਸਾਰੂ ਸੰਵਾਦ ਦੀ ਇਹ ਵਿਸ਼ੇਸ਼ਤਾ ਹੁੰਦੀ ਹੈ ਕਿ ਇਸ ਵਿਚ ਤਰਕ ਤੇ ਦਲੀਲ ਦਾ ਪ੍ਰਯੋਗ ਮਹਿਜ਼ ਆਲੋਚਨਾ ਜਾਂ ਵਿਰੋਧ ਕਰਨ ਤੱਕ ਸੀਮਤ ਨਹੀਂ ਹੁੰਦਾ ਬਲਕਿ ਇਸ ਦਾ ਉਦੇਸ਼ ਕਿਸੇ ਤੱਥ/ਵੀਚਾਰ ਦੀ ਹੋਰ ਵਿਆਖਿਆ ਕਰਦਿਆਂ ਉਸ ਨੂੰ ਪੂਰਣਤਾ ਪ੍ਰਦਾਨ ਕਰਨਾ ਤੇ ਸਰਬ-ਪ੍ਰਵਾਨਿਤ ਬਣਾਉਣਾ ਹੁੰਦਾ ਹੈ। ਨਤੀਜੇ ਵਜੋਂ ਵਿਚਾਰਾਂ ਦੇ ਵਖਰੇਵੇਂ ਕੋਈ ਤਲ਼ਖੀ ਜਾਂ ਵਾਦ-ਵਿਵਾਦ ਪੈਦਾ ਨਹੀਂ ਕਰਦੇ ਸਗੋਂ ਪ੍ਰੇਮ-ਪਿਆਰ ਤੇ ਭਾਈਚਾਰਕ ਸਾਂਝ ਦੀਆਂ ਤੰਦਾਂ ਨੂੰ ਮਜ਼ਬੂਤੀ ਪ੍ਰਦਾਨ ਕਰਦੇ ਹਨ।

ਵਿਸ਼ਵ-ਧਾਰਮਿਕ ਪਰੰਪਰਾ ਵਿਚ ਮਨੁੱਖੀ ਏਕਤਾ, ਬਰਾਬਰੀ ਤੇ ਸਾਂਝੀਵਾਲਤਾ ਪੱਖੋਂ ਗੁਰੂ ਗ੍ਰੰਥ ਸਾਹਿਬ ਦਾ ਆਪਣਾ ਇਕ ਨਿਵੇਕਲਾ ਸਥਾਨ ਹੈ ਕਿਉਂਕਿ ਸਾਂਝੀਵਾਲਤਾ ਤੇ ਸਮਾਨਤਾ ਸਿੱਖ ਧਰਮ ਗ੍ਰੰਥ ਦੀ ਬੁਨਿਆਦ ਹਨ।ਇਸ ਅੰਦਰ ਪੰਜਾਬ, ਬੰਗਾਲ, ਉਤਰ-ਪ੍ਰਦੇਸ਼, ਮਹਾਂਰਾਸ਼ਟਰ, ਸਿੰਧ, ਰਾਜਸਥਾਨ ਆਦਿ ਇਲਾਕਿਆਂ, ਅਨੇਕਾਂ ਜਾਤਾਂ, ਧਰਮਾਂ ਨਾਲ ਸਬੰਧ ਰੱਖਣ ਵਾਲੇ ਧਾਰਮਿਕ ਮਹਾਂਪੁਰਖਾਂ ਦੀ ਬਾਣੀ ਨੂੰ ਬਗ਼ੈਰ ਕਿਸੇ ਵਿਤਕਰੇ ਦੇ ਬਰਾਬਰੀ ਤੇ ਸਤਿਕਾਰ ਦਿੱਤਾ ਗਿਆ ਹੈ ਜੋ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਗੁਰੂ ਸਾਹਿਬਾਨ ਦੀ ਦ੍ਰਿਸ਼ਟੀ ਵਿਚ ਕੋਈ ਛੋਟਾ, ਵੱਡਾ ਜਾਂ ਉੱਚਾ-ਨੀਵਾਂ ਨਹੀਂ।ਗੁਰੂ ਗ੍ਰੰਥ ਸਾਹਿਬ ਅੰਦਰ ਜਾਤੀ ਤੇ ਮਜ਼ਬੀ ਵਿਤਕਰਿਆਂ ਤੋਂ ਉਪਰ ਉੱਠ ਕੇ

ਭਗਤਾਂ ਬਾਰੇ ਬੁਲੰਦ ਅਵਾਜ਼ ਵਿਚ ਇਹ ਐਲਾਨ ਕੀਤਾ ਗਿਆ ਹੈ:

*ਨਾਮਾ ਛੀਂਬਾ ਕਬੀਰ ਜੁਲਾਹਾ ਪੂਰੇ ਗੁਰ ਤੇ ਗਤਿ ਪਾਈ॥*
*ਬ੍ਰਹਮ ਕੇ ਬੇਤੇ ਸਬਦੁ ਪਛਾਨਹਿ ਹਉਮੈ ਜਾਤਿ ਗਵਾਈ॥*
*ਸੁਰਿ ਨਰ ਤਿਨ ਕੀ ਬਾਣੀ ਗਾਵਹਿ ਕੋਈ ਨ ਮੇਟੈ ਭਾਈ॥*[16]

ਗੁਰਬਾਣੀ ਅੰਦਰ ਧਰਮਾਂ ਦੇ ਅਨੁਯਾਈਆਂ ਵਿਚਕਾਰ ਪਰਮਾਤਮਾ ਦੇ ਨਾਵਾਂ/ਬੋਲੀਆਂ ਤੇ ਹੋਰ ਬਾਹਰੀ ਵਖਰੇਵਿਆਂ ਕਰਕੇ ਪ੍ਰਚਲਤ ਪਰਸਪਰ ਈਰਖਾ ਤੇ ਘਿਰਣਾ, ਨਫ਼ਰਤ ਆਦਿ ਨੂੰ ਦੂਰ ਕਰਨ ਲਈ ਸੁਚੇਤ ਰੂਪ ਵਿਚ ਉਪਰਾਲੇ ਕੀਤੇ ਮਿਲਦੇ ਹਨ। ਗੁਰੂ ਗ੍ਰੰਥ ਸਾਹਿਬ ਅੰਦਰ ਪ੍ਰਭੂ ਦੇ ਨਾਮਾਂ ਦਾ ਪ੍ਰਯੋਗ ਕਰਨ ਵੇਲੇ ਸੰਕੀਰਨ ਸੋਚ ਰੱਖਣ ਦੀ ਥਾਂ ਖੁਲ੍ਹਦਿਲੀ ਨਾਲ ਹਿੰਦੂ ਤੇ ਇਸਲਾਮਿਕ ਪਰੰਪਰਾ ਨਾਲ ਜੁੜੇ ਵਿਸ਼ੇਸ਼ ਨਾਵਾਂ ਨੂੰ ਵੀ ਬਗ਼ੈਰ ਝਿਜਕ ਦੇ ਇਸਤੇਮਾਲ ਕੀਤਾ ਗਿਆ ਹੈ।ਹਿੰਦੂ ਧਰਮ ਵਿਚ ਅਵਤਾਰਾਂ ਲਈ ਵਰਤੇ ਗਏ ਨਾਮ ਜਿਵੇਂ ਮਧੁਸੂਦਨ, ਦਾਮੋਦਰ, ਰਿਖੀਕੇਸ, ਗੋਵਰਧਨ ਧਾਰੀ, ਮੁਰਲੀ ਮਨੋਹਰ, ਹਰਿ, ਮੋਹਨ, ਮਾਧਵ, ਕ੍ਰਿਸ੍ਨ, ਮੁਰਾਰੇ, ਜਗਦੀਸੁਰ, ਠਾਕੁਰ, ਧਰਣੀਧਰ, ਈਸ, ਨਰਸਿੰਘ, ਨਾਰਾਇਣ, ਰਾਮਚੰਦ, ਬਨਵਾਲੀ, ਚਕ੍ਰਪਾਨਿ, ਗੋਪੀ ਨਾਥੁ, ਬਾਸੁਦੇਵ, ਨਿਰੰਜਨ, ਮੁਕੰਦ, ਮਨੋਹਰ, ਲਖਮੀ, ਨਿਹਕੰਟਕੁ, ਸਾਵਲ, ਸ੍ਰੀਰੰਗ, ਨਾਰਾਇਣ, ਕੇਸਵ, ਚਤੁਰਭੁਜੁ, ਪੀਤ ਪੀਤੰਬਰ, ਜਗੰਨਾਥੁ, ਗੋਪਾਲੁ, ਸਾਰਿੰਗਧਰ, ਭਗਵਾਨ, ਨਿਹਕੇਵਲੁ, ਧਨੰਜੈ ਆਦਿ ਨੂੰ ਪਰਮ-ਹਸਤੀ ਲਈ ਪ੍ਰਯੋਗ ਕੀਤਾ ਹੈ ਜੋ ਸਿੱਖ ਧਰਮ ਦੀ ਧਾਰਮਿਕ ਸਹਿਹੋਂਦ ਤੇ ਉਦਾਰਤਾ ਵਾਲੀ ਨੀਤੀ ਦਾ ਪ੍ਰਗਟਾਵਾ ਕਰਦਾ ਹੈ:

*ਅਚੁਤ ਪਾਰਬ੍ਰਹਮ ਪਰਮੇਸੁਰ ਅੰਤਰਜਾਮੀ॥ ਮਧੁਸੂਦਨ ਦਾਮੋਦਰ ਸੁਆਮੀ॥*
*ਰਿਖੀਕੇਸ ਗੋਵਰਧਨ ਧਾਰੀ ਮੁਰਲੀ ਮਨੋਹਰ ਹਰਿ ਰੰਗਾ॥੧॥*
.......
*ਨਵਤਨ ਨਾਮ ਜਪੈ ਦਿਨੁ ਰਾਤੀ ਇਕੁ ਗੁਣੁ ਨਾਹੀ ਪ੍ਰਭ ਕਹਿ ਸੰਗਾ॥੧੬॥*[17]

ਵਿਸ਼ੇਸ਼ ਤੱਥ ਇਹ ਹੈ ਕਿ ਗੁਰੂ ਅਰਜਨ ਦੇਵ ਜੀ ਦਾ ਮਾਰੂ ਰਾਗ ਅੰਦਰ ਹੀ ਇਸ ਤੋਂ ਅਗਲਾ ਸ਼ਬਦ ਇਸਲਾਮ ਦੇ ਵਿਸ਼ਵਾਸ਼ ਪ੍ਰਬੰਧ ਤੇ ਧਾਰਮਿਕ ਮਰਯਾਦਾ ਨਾਲ ਸਬੰਧਿਤ ਹੈ ਜਿਹੜਾ ਸਪਸ਼ਟ ਕਰਦਾ ਹੈ ਕਿ ਗੁਰੂ ਨਾਨਕ ਦੇਵ ਦੁਆਰਾ ਚਲਾਇਆ ਧਰਮ ਕਿਸੇ ਵੀ ਗ਼ੈਰ-ਧਰਮ ਪ੍ਰਤੀ ਨਫ਼ਰਤ ਜਾਂ ਘਿਰਣਾ ਨਹੀਂ ਰੱਖਦਾ। ਦੋਵੇਂ ਧਰਮਾਂ ਨੂੰ ਮੁਖਾਤਿਬ ਹੋ ਕੇ ਉਚਾਰਣ ਕੀਤੇ ਸ਼ਬਦਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਬਾਣੀ ਸੰਪਾਦਨਾ ਦੌਰਾਨ ਅੱਗੜ-ਪਿੱਛੜ ਦਰਜ ਕਰਕੇ ਆਪਸ ਵਿਚ ਝਗੜ ਰਹੇ ਦੋਹਾਂ ਧਰਮਾਂ ਦੇ ਅਨੁਯਾਈਆਂ ਨੂੰ ਇਹ ਸੰਦੇਸ਼ ਦਿੱਤਾ ਕਿ ਧਰਮ ਦੇ ਨਾਮ ਉਤੇ ਕਿਸੇ ਨਾਲ ਨਫ਼ਰਤ ਜਾਂ ਝਗੜਾ ਕਰਨਾ ਉਚਿਤ ਨਹੀਂ। ਗੁਰੂ ਸਾਹਿਬ ਦਾ ਇਸਲਾਮਿਕ ਸ਼ਬਦਾਵਲੀ ਵਿਚ ਦਿੱਤਾ ਉਪਦੇਸ਼ ਵਾਚਣਯੋਗ ਹੈ:

*ਅਲਹ ਅਗਮ ਖੁਦਾਈ ਬੰਦੇ॥ਛੋਡਿ ਖਿਆਲ ਦੁਨੀਆ ਕੇ ਧੰਧੇ॥*
*ਹੋਇ ਪੈ ਖਾਕ ਫਕੀਰ ਮੁਸਾਫਰੁ ਇਹੁ ਦਰਵੇਸੁ ਕਬੂਲੁ ਦਰਾ॥੧॥*
.......
*ਹਕੁ ਹੁਕਮੁ ਸਚੁ ਖੁਦਾਇਆ ਬੁਝਿ ਨਾਨਕ ਬੰਦਿ ਖਲਾਸ ਤਰਾ॥੧੫॥*[18]

ਭਿੰਨ-ਭਿੰਨ ਧਰਮਾਂ ਦੇ ਅਨੁਯਾਈਆਂ ਵਿਚਕਾਰ ਵੈਰ-ਵਿਰੋਧ ਦੀ ਨਿਰਵਿਰਤੀ ਹਿਤ ਗੁਰੂ ਅਰਜਨ ਦੇਵ ਦਾ ਉਚਾਰਿਆ ਨਿਮਨਲਿਖਤ ਸ਼ਬਦ ਅੱਜ ਵੀ ਧਾਰਮਿਕ ਪਰੰਪਰਾਵਾਂ ਵਿਚ ਕੱਟੜਵਾਦੀ ਸੋਚ ਦੇ ਧਾਰਨੀਆਂ ਲਈ ਇਕ ਚਾਨਣ ਮੁਨਾਰੇ ਦਾ ਕਾਰਜ ਕਰਦਿਆਂ ਉਨ੍ਹਾਂ ਨੂੰ ਸੌੜੀ ਸੋਚ ਦਾ ਤਿਆਗ ਕਰਨ ਲਈ ਪ੍ਰੇਰਦਾ ਹੈ:

*ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥ ਕੋਈ ਸੇਵੈ ਗੁਸਈਆ ਕੋਈ ਅਲਾਹਿ ॥੧॥*
*ਕਾਰਣ ਕਰਣ ਕਰੀਮ ॥ ਕਿਰਪਾ ਧਾਰਿ ਰਹੀਮ ॥੧॥ ਰਹਾਉ ॥*
*ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥ ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥੨॥*
*ਕੋਈ ਪੜੈ ਬੇਦ ਕੋਈ ਕਤੇਬ ॥ ਕੋਈ ਓਢੈ ਨੀਲ ਕੋਈ ਸੁਪੇਦ ॥੩॥*
*ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥ ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥੪॥*
*ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥੫॥*[19]

ਸਭਿਆਚਾਰਕ ਪੱਖ ਤੋਂ ਰਾਗ, ਬੋਲੀ, ਭਾਸ਼ਾ ਤੇ ਕਾਵਿ-ਰੂਪਾਂ ਦਾ ਖ਼ਾਸ ਮਹੱਤਵ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਅੰਦਰ ਦਰਜ 31 ਰਾਗਾਂ ਵਿਚ ਦੇਸੀ ਰਾਗਾਂ ਦੇ ਨਾਲ-ਨਾਲ ਬਸੰਤ, ਮਲਾਰ ਤੇ ਸਾਰੰਗ ਆਦਿ ਮੌਸਮੀ ਰਾਗ ਵੀ ਸ਼ਾਮਿਲ ਹਨ ਜਿਹੜੇ ਸਮੁੱਚੇ ਭਾਰਤ ਵਿਚ ਪ੍ਰਚਲਤ ਹਨ। ਇਸ ਪ੍ਰਕਾਰ ਹੀ ਜੋਗੀਆਂ ਵਿਚ ਰਾਮਕਲੀ, ਸੂਫੀਆਂ

ਵਿਚ ਸੂਹੀ ਤੇ ਆਸਾ ਰਾਗ ਵਿਸ਼ੇਸ਼ ਤੌਰ ’ਤੇ ਹਰਮਨ ਪਿਆਰੇ ਰਾਗ ਹਨ।ਬੋਲੀਆਂ ਦੇ ਪੱਖ ਤੋਂ ਵੀ ਗੁਰੂ ਗ੍ਰੰਥ ਸਾਹਿਬ ਅੰਦਰ ਬੰਗਾਲੀ, ਬ੍ਰਿਜ, ਸਿੰਧੀ, ਮਰਾਠੀ, ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ਼, ਅਰਬੀ, ਫਾਰਸੀ, ਲਹਿੰਦੀ ਆਦਿ ਸਭ ਨੂੰ ਇਕ ਸਮਾਨ ਸਤਿਕਾਰ ਦਿੱਤਾ ਗਿਆ ਹੈ। ਸਾਹਿਤਕ ਰੂਪਾਂ ਵਿਚ ਅਸਟਪਦੀ, ਅੰਜੁਲੀ, ਸਲੋਕ, ਕਾਫ਼ੀ, ਗਾਥਾ, ਚਉਬੋਲਾ, ਫੁਨਹਾ, ਛੰਤ ਆਦਿ ਦਾ ਪ੍ਰਯੋਗ ਕੀਤਾ ਗਿਆ ਹੈ ਜੋ ਭਾਰਤੀ ਸਾਹਿਤ ਵਿਚ ਪ੍ਰਚਲਤ ਸਨ। ਸਪਸ਼ਟ ਹੈ ਕਿ ਗੁਰਬਾਣੀ ਅੰਦਰ ਰਾਗਾਂ, ਬੋਲੀਆਂ ਤੇ ਸਾਹਿਤਕ ਰੂਪਾਂ ਦੁਆਰਾ ਵੱਖ-ਵੱਖ ਧਰਮਾਂ, ਫ਼ਿਰਕਿਆਂ ਦੇ ਪਸੰਦੀਦਾ ਰਾਗਾਂ, ਬੋਲੀਆਂ ਤੇ ਕਾਵਿ-ਰੂਪਾਂ ਦੇ ਪੱਖ ਤੋਂ ਭਾਰਤ ਦੇ ਭਿੰਨ-ਭਿੰਨ ਸਭਿਆਚਾਰਾਂ ਨੂੰ ਇਕ ਸਮਾਨ ਪ੍ਰਤੀਨਿਧਤਾ ਹਾਸਿਲ ਹੈ ਜੋ ਸਦਭਾਵ ਤੇ ਸਹਿਹੋਂਦ ਦੀ ਉਤਮ ਮਿਸਾਲ ਪ੍ਰਸਤੁਤ ਕਰਦਾ ਹੈ।

ਭਾਰਤੀ ਧਾਰਮਿਕ ਪਰੰਪਰਾ ਵਿਚ ਹੋਏ ਸੰਤਾਂ/ਭਗਤਾਂ ਤੇ ਹੋਰ ਧਾਰਮਿਕ ਹਸਤੀਆਂ ਦੀ ਆਤਮਿਕ ਉੱਚਤਾ ਤੇ ਰੂਹਾਨੀ ਰੁਤਬੇ ਨੂੰ ਸਵੀਕਾਰ ਕਰਕੇ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈਣ ਦੀ ਸਿੱਖਿਆ ਰਾਹੀਂ ਗੁਰੂ ਗ੍ਰੰਥ ਸਾਹਿਬ ਧਾਰਮਿਕ ਰਵਾਦਾਰੀ ਤੇ ਸਦਭਾਵਨਾ ਦੇ ਸ੍ਰੇਸ਼ਟ ਮਾਰਗ ਦਰਸ਼ਕ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਗੁਰੂ ਰਾਮਦਾਸ ਜੀ ਭਾਰਤੀ ਧਾਰਮਿਕ ਪਰੰਪਰਾ ਵਿਚ ਪ੍ਰਵਾਣਿਤ ਧਾਰਮਿਕ ਹਸਤੀਆਂ ਜਿਵੇਂ ਸੁਕ, ਜਨਕ, ਸੁਦਾਮਾ, ਧ੍ਰੂ ਭਗਤ, ਭਗਤ ਪ੍ਰਹਿਲਾਦ, ਬਿਦਰ, ਅਜਾਮਲ, ਉਗ੍ਰਸੈਨ, ਬਾਲਮੀਕ ਆਦਿ ਦਾ ਜ਼ਿਕਰ ਕਰਕੇ ਪ੍ਰਭੂ ਦਾ ਨਾਮ-ਸਿਮਰਨ ਕਰਨ ਵਾਲਿਆਂ ਦੇ ਮੋਖਸ਼ ਪਦ ਦੇ ਅਧਿਕਾਰੀ ਬਣ ਜਾਣ ਦੀ ਸਾਖੀ ਭਰਦੇ ਹਨ:

*ਜਪਿਓ ਨਾਮੁ ਸੁਕ ਜਨਕ ਗੁਰ ਬਚਨੀ ਹਰਿ ਹਰਿ ਸਰਣਿ ਪਰੇ॥*
*ਦਾਲਦੁ ਭੰਜਿ ਸੁਦਾਮੇ ਮਿਲਿਓ ਭਗਤੀ ਭਾਇ ਤਰੇ॥*
*ਭਗਤਿ ਵਛਲੁ ਹਰਿ ਨਾਮੁ ਕ੍ਰਿਤਾਰਥੁ ਗੁਰਮੁਖਿ ਕ੍ਰਿਪਾ ਕਰੇ॥੧॥*
*ਮੇਰੇ ਮਨ ਨਾਮੁ ਜਪਤ ਉਧਰੇ॥ ਧ੍ਰੂ ਪ੍ਰਹਿਲਾਦੁ ਬਿਦਰੁ ਦਾਸੀ ਸੁਤੁ ਗੁਰਮੁਖਿ ਨਾਮਿ ਤਰੇ॥੧॥ ਰਹਾਉ॥*
*ਕਲਜੁਗਿ ਨਾਮੁ ਪ੍ਰਧਾਨੁ ਪਦਾਰਥੁ ਭਗਤ ਜਨਾ ਉਧਰੇ॥*
*ਨਾਮਾ ਜੈਦੇਉ ਕਬੀਰੁ ਤ੍ਰਿਲੋਚਨੁ ਸਭਿ ਦੋਖ ਗਏ ਚਮਰੇ॥*
*ਗੁਰਮੁਖਿ ਨਾਮਿ ਲਗੇ ਸੇ ਉਧਰੇ ਸਭਿ ਕਿਲਬਿਖ ਪਾਪ ਟਰੇ॥੨॥*
*ਜੋ ਜੋ ਨਾਮੁ ਜਪੈ ਅਪਰਾਧੀ ਸਭਿ ਤਿਨ ਕੇ ਦੋਖ ਪਰਹਰੇ॥*
*ਬੇਸੁਆ ਰਵਤ ਅਜਾਮਲੁ ਉਧਰਿਓ ਮੁਖਿ ਬੋਲੈ ਨਾਰਾਇਣੁ ਨਰਹਰੇ॥*
*ਨਾਮੁ ਜਪਤ ਉਗ੍ਰਸੈਣਿ ਗਤਿ ਪਾਈ ਤੋੜਿ ਬੰਧਨ ਮੁਕਤਿ ਕਰੇ॥੩॥*
*ਜਨ ਕਉ ਆਪਿ ਅਨੁਗ੍ਰਹੁ ਕੀਆ ਹਰਿ ਅੰਗੀਕਾਰੁ ਕਰੇ॥*
*ਸੇਵਕ ਪੈਜ ਰਖੈ ਮੇਰਾ ਗੋਵਿਦੁ ਸਰਣਿ ਪਰੇ ਉਧਰੇ॥*
*ਜਨ ਨਾਨਕ ਹਰਿ ਕਿਰਪਾ ਧਾਰੀ ਉਰ ਧਰਿਓ ਨਾਮੁ ਹਰੇ॥੪॥*[20]

ਇਹ ਮੁੜ ਸਿੱਖ ਧਰਮ ਦੀ ਇਕ ਪਰਮਾਤਮਾ ਪ੍ਰਤੀ ਵਫ਼ਾਦਾਰੀ ਤੇ ਉਸ ਦੁਆਰਾ ਸਿਰਜੇ ਗਏ ਬਹੁ-ਰੰਗੇ, ਬਹੁ-ਭਾਂਤੀ ਸਮੁੱਚੇ ਪਸਾਰੇ ਨੂੰ ਇਕਰੂਪਤਾ ਤੇ ਸਮਾਨ ਦ੍ਰਿਸ਼ਟੀ ਨਾਲ ਪ੍ਰਵਾਨ ਕਰਨ ਦਾ ਐਲਾਨਨਾਮਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਧਿਆਤਮਿਕ ਗਿਆਨ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਇਹ ਸਭ ਨੂੰ ‘ਏਕ ਪਿਤਾ ਏਕਸ ਕੇ ਹਮ ਬਾਰਿਕ’ ਤੇ ‘ਕੁਦਰਤਿ ਕੇ ਸਭ ਬੰਦੇ’ ਕਹਿ ਕੇ ਬਰਾਬਰੀ ਤੇ ਸਮਾਨਤਾ ਦੀ ਸਿੱਖਿਆ ਦ੍ਰਿੜ ਕਰਵਾਉਂਦੀ ਹੈ ਕਿਉਂਕਿ ਹਰ ਇਕ ਵਿਚ ਪ੍ਰਭੂ ਦੀ ਜੋਤ ਦਾ ਪ੍ਰਕਾਸ਼ ਹੈ।ਸਿੱਖ ਵਿਚਾਰਧਾਰਾ ਮਜ਼੍ਹਬੀ ਕੱਟੜਤਾ ਤੇ ਸੰਕੀਰਨਤਾ ਤੋਂ ਮੁਕਤ ‘ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ’, ‘ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ’ ਦੀ ਭਾਵਨਾ ਦੇ ਧਾਰਨੀ ਹੋ ਕੇ ਪਰਸਪਰ ਪਿਆਰ, ਮੁਹੱਬਤ, ਏਕਤਾ, ਭਰਾਤਰੀਭਾਵ ਵਾਲੇ ਇਕ ਅਜਿਹੇ ਵਿਸ਼ਵ ਭਾਈਚਾਰੇ ਦੀ ਸਿਰਜਨਾ ਦੀ ਮੁਦੱਈ ਹੈ ਜਿੱਥੇ ਕਿਸੇ ਨਾਲ ਵੀ ਦੇਸ਼, ਰੰਗ, ਨਸਲ, ਧਰਮ, ਲਿੰਗ ਆਦਿ ਦੇ ਭੇਦ ਕਰਕੇ ਕੋਈ ਵਿਤਕਰਾ ਨਾ ਹੋਵੇ।

ਵਿਸ਼ਵ-ਭਰ ਵਿਚ ਅੰਤਰ-ਧਰਮ ਸੰਵਾਦ ਲਈ ਹੋ ਰਹੇ ਸਰਗਰਮ ਜਤਨਾਂ ਦੇ ਬਾਵਜੂਦ ਧਰਮਾਂ ਦਾ ਆਪਸੀ ਬੇਗਾਨਾਪਨ ਤੇ ਸਿੱਖਿਆ ਉਚੇਚਤਾ ਦਾ ਅਹਿਸਾਸ ਅਜੇ ਤੱਕ ਖਤਮ ਨਹੀਂ ਹੋ ਸਕਿਆ।ਇਸ ਕਿਸਮ ਦਾ ਰਵਈਆ ਆਪਣੇ ਮਤਿ ਦੇ ਦੂਜਿਆਂ ਤੋਂ ਸ੍ਰੇਸ਼ਟ ਹੋਣ ਦਾ ਮਾਹੌਲ ਸਿਰਜਦਾ ਹੈ।ਅਜਿਹੀ ਸੋਚ ਅਧੀਨ ਦੂਜੇ ਧਰਮਾਂ ਨੂੰ ਸਮਝਣ ਦਾ ਕੀਤਾ ਉਪਰਾਲਾ ਉਕਸਾਊ ਤੇ ਪੱਖਪਾਤੀ ਹੁੰਦਾ ਹੈ ਜਿਸ ਦਾ ਨਤੀਜਾ ਗ਼ੈਰ-ਧਰਮਾਂ ਦੀ ਗਲਤ ਵਿਆਖਿਆ ਦੇ ਰੂਪ ਵਿਚ ਨਿਕਲਦਾ ਹੈ।[21] ਬਾਣੀ ਅੰਦਰ ਅੰਤਰ ਧਰਮ ਸੰਵਾਦ ਪ੍ਰਤੀ ਪਹੁੰਚ ਬਹੁ-ਬਿਧ ਧਾਰਮਿਕ ਵਿਵਸਥਾ ਤੇ ਸਹਿਹੋਂਦ ਦੀ ਧਾਰਨੀ ਹੈ।ਹਿੰਦੂ ਮਤਿ ਦੀਆਂ ਸਿਮਰਤੀਆਂ ਤੇ ਸ਼ਾਸ਼ਤਰਾਂ ਵਿਚ ਨਾਮ ਦੀ ਕੀਤੀ ਵਡਿਆਈ ਨੂੰ

ਸਵੀਕਾਰਦੇ ਹੋਏ ਗੁਰੂ ਸਾਹਿਬ ਵਿਸ਼ਾਲ ਦ੍ਰਿਸ਼ਟੀ ਦਾ ਪ੍ਰਗਟਾਵਾ ਕਰਦੇ ਹਨ:

*ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ॥* [22]

ਸਪਸ਼ਟ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਉੱਪਰ ਅਧਾਰਿਤ ਅੰਤਰ-ਧਰਮ ਸੰਵਾਦ ਮਾਡਲ ਵਿਸ਼ਵ ਸ਼ਾਂਤੀ ਤੇ ਸਦਭਾਵਨਾ ਦੀ ਸਥਾਪਨਾ ਲਈ ਸਿਧਾਂਤਕ ਤੇ ਵਿਵਹਾਰਕ ਪੱਖ ਤੋਂ ਸੇਧ ਪ੍ਰਦਾਨ ਕਰਨ ਵਾਲਾ ਇਕ ਮਹੱਤਵਪੂਰਣ ਮਾਡਲ ਹੈ।ਸਿੱਖ ਧਰਮ ਦੇ ਸਿਧਾਂਤ ਹੀ ਨਹੀ ਸਗੋਂ ਸੰਗਤ, ਪੰਗਤ, ਲੰਗਰ ਆਦਿ ਦੀਆਂ ਸੰਸਥਾਵਾਂ ਵੀ ਵਿਵਹਾਰਕ ਰੂਪ ਵਿਚ ਪਰਸਪਰ ਪਿਆਰ, ਮਿੱਤਰਤਾ, ਮਹਿਮਾਨ-ਨਿਵਾਜੀ, ਸਦਭਾਵ ਤੇ ਸਹਿਣਸ਼ੀਲਤਾ ਵਾਲੇ ਸੁਖਾਵੇਂ ਮਾਹੌਲ ਦੀ ਸਿਰਜਣਾ ਲਈ ਉਸਾਰੂ ਯੋਗਦਾਨ ਪਾ ਰਹੀਆਂ ਹਨ।ਮਜ਼ਬੀ ਸੰਕੀਰਣਤਾ ਤੇ ਅਸਹਿਣਸ਼ੀਲਤਾ ਦੇ ਪੈਦਾ ਹੋ ਰਹੇ ਵਾਤਾਵਰਣ ਵਿਚ ਗੁਰੂ ਸਾਹਿਬ ਦੀ ਸਰਬ ਕਲਿਆਣਕਾਰੀ ਤੇ ਸਰਬਤ ਦਾ ਭਲਾ ਚਾਹੁਣ ਵਾਲੀ ਅਰਜੋਈ ਤੋਂ ਪ੍ਰੇਰਣਾ ਲੈਣ ਦੀ ਲੋੜ ਹੈ ਜਿਹੜੀ ਸਮੁੱਚੀ ਮਾਨਵਤਾ ਦੇ ਕਲਿਆਣ ਤੇ ਭਲੇ ਦੀ ਕਾਮਨਾ ਕਰਦੀ ਹੈ:

*ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥*
*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥* [23]

## ਹਵਾਲੇ ਤੇ ਟਿੱਪਣੀਆਂ:

1. John Hick, **"Religious Pluralism"** in Philosophy of Religion: Selected Readings, Michael Peterson, William Nasker, Burce Reichenback and David Basinger (eds.), p.565
2. **ਸ੍ਰੀ ਗੁਰੂ ਗ੍ਰੰਥ ਸਾਹਿਬ**, ਆਸਾ ਮਹਲਾ 1- ਪੰਨਾ 360, ਆਸਾ ਮਹਲਾ 1- ਪੰਨਾ 412, ਰਾਮਕਲੀ ਮਹਲਾ 1- ਪੰਨਾ 877, ਰਾਮਕਲੀ ਮਹਲਾ 1- ਪੰਨਾ 938, ਰਾਮਕਲੀ ਮਹਾਲਾ 1- ਪੰਨਾ 946, ਸੋਰਠਿ ਮਹਲਾ 1- ਪੰਨਾ 635, ਰਾਮਕਲੀ ਦਖਣੀ ਮਹਲਾ 1- ਪੰਨਾ 930, ਗੂਜਰੀ ਮਹਲਾ 3- ਪੰਨਾ 492, ਗੂਜਰੀ ਅਸਟਪਦੀਆ ਮਹਲਾ 1- ਪੰਨਾ 503, ਰਾਗ ਵਡਹੰਸ ਮਹਲਾ 5- ਪੰਨਾ 576
3. **ਉਹੀ**, ਬਸੰਤ ਮਹਲਾ 1, ਪੰਨਾ 1188
4. ਭਾਈ ਨੰਦ ਲਾਲ,
5. ਭਾਈ ਗੁਰਦਾਸ, **ਗਿਆਨ ਰਤਨਾਵਲੀ**, ਵਾਰ 1, ਪਉੜੀ 25
6. **ਸ੍ਰੀ ਗੁਰੂ ਗ੍ਰੰਥ ਸਾਹਿਬ**, **ਸੂਹੀ ਮਹਲਾ** 1, ਪੰਨਾ 730
7. ਭਾਈ ਗੁਰਦਾਸ, **ਉਹੀ**, ਵਾਰ 1, ਪਉੜੀ 32 - ਹੋਰ ਦੇਖੋ ਬਾਬਾ ਗਿਆ ਬਗਦਾਦ ਨੂੰ ਬਾਹਰ ਜਾਇ ਕੀਆ ਅਸਥਾਨਾ॥ ਵਾਰ 1, ਪਉੜੀ 35
8. **ਉਹੀ**, ਵਾਰ 1, ਪਉੜੀ 33
9. *ਮੇਲਿਓਂ ਬਾਬਾ ਉਠਿਆ ਮੁਲਤਾਨੇ ਦੀ ਜ਼ਿਆਰਤ ਜਾਈ॥*
   *ਅਗੋਂ ਪੀਰ ਮੁਲਤਾਨ ਦੇ ਦੁਧ ਕਟੋਰਾ ਭਰ ਲੈ ਆਈ ॥*
   *ਬਾਬੇ ਕਢ ਕਰ ਬਗਲ ਤੇ ਚੰਬੇਲੀ ਦੁੱਧ ਵਿਚ ਮਿਲਾਈ॥*
   *ਜਿਉਂ ਸਾਗਰ ਵਿਚ ਗੰਗ ਸਮਾਈ॥44॥* ਉਹੀ, ਵਾਰ 1, ਪਉੜੀ 44
10. **ਸ੍ਰੀ ਗੁਰੂ ਗ੍ਰੰਥ ਸਾਹਿਬ**, **ਤੁਖਾਰੀ ਮਹਲਾ 4**, ਪੰਨਾ 1117
11. **ਉਹੀ**, ਆਸਾ ਮਹਲਾ 1, ਪੰਨਾ 471
12. **ਉਹੀ**, ਵਾਰ ਮਾਝ ਕੀ ਤਥਾ ਸਲੋਕ ਮਹਲਾ 1, ਮ.1 ਪੰਨੇ 140-41
13. **ਉਹੀ**, ਰਾਮਕਲੀ ਮਹਲਾ 1, ਪੰਨਾ 938
14. **ਉਹੀ**.
15. ਭਾਈ ਗੁਰਦਾਸ, **ਉਹੀ**, ਵਾਰ 1, ਪਉੜੀ 44 ਹੋਰ ਦੇਖੋ-
    *ਖਾਧੀ ਖੁਣਸ ਜੋਗੀਸ਼ਰਾਂ ਗੋਸ਼ਟ ਕਰਨ ਸਭੇ ਉਠ ਆਈ॥*
    *ਪੁਛੇ ਜੋਗੀ ਭੰਗ੍ਰ ਨਾਥ ਤੁਹਿ ਦੁਧ ਵਿਚ ਕਿਉਂ ਕਾਂਜੀ ਪਾਈ॥*
    *ਫਿਟਿਆ ਚਾਟਾ ਦੁਧ ਦਾ ਰਿੜਕਿਆਂ ਮਖਣ ਹਥ ਨ ਆਈ॥*
    *ਭੇਖ ਉਤਾਰ ਉਦਾਸ ਦਾ ਵਤ ਕਿਉਂ ਸੰਸਾਰੀ ਰੀਤ ਚਲਾਈ॥* ਵਾਰ 1,ਪਉੜੀ 40


ISSN : 2395-1273

16. **ਉਹੀ**, ਸਿਰੀਰਾਗੁ ਮਹਲਾ 3, ਪੰਨਾ 67
17. **ਉਹੀ**, ਮਾਰੂ ਮਹਲਾ 5, ਪੰਨਾ 1082
18. **ਉਹੀ**, ਪੰਨੇ 1083-84
19. **ਉਹੀ**, ਰਾਮਕਲੀ ਮਹਲਾ 5, ਪੰਨਾ 885
20. **ਉਹੀ**, ਮਾਰੂ ਮਹਲਾ 4, ਪੰਨਾ 995
21. Santosh SenGupta, **"On the Understanding of Other Religions"** in Insights Into Major World Religions, Jasbir Singh Ahluwalia (ed.) pp. 1-2
22. **ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮਹਲਾ** 3, ਪੰਨਾ 919
23. **ਉਹੀ**, ਬਿਲਾਵਲ ਮਹਲਾ 3, ਪੰਨਾ 853

✧